15ਵੀਂ ਵਿਧਾਨ ਸਭਾ
ਵਿਸ਼ੇਸ਼ (ਨੌਵਾਂ) ਸਮਾਗਮ

# ਪੰਜਾਬ ਵਿਧਾਨ ਸਭਾ
## ਕਾਰਜ-ਸੂਚੀ

ਬੁੱਧਵਾਰ, 6 ਨਵੰਬਰ, 2019
2.30 ਵਜੇ ਬਾਅਦ ਦੁਪਹਿਰ

----------

**I. ਅਕਾਲ ਚਲਾਣਿਆਂ ਦਾ ਵਰਨਣ**

ਨਿਮਨਲਿਖਤ ਦੇ ਅਕਾਲ ਚਲਾਣਿਆਂ ਦਾ ਵਰਨਣ ਕੀਤਾ ਜਾਵੇਗਾ:-

1. ਸ਼੍ਰੀ ਰਜਨੀਸ਼ ਕੁਮਾਰ ਬੱਬੀ, ਐਮ.ਐਲ.ਏ;
2. ਸ਼੍ਰੀ ਅਰੁਣ ਜੇਤਲੀ, ਸਾਬਕਾ ਕੇਂਦਰੀ ਮੰਤਰੀ;
3. ਸ਼੍ਰੀਮਤੀ ਸੁਸ਼ਮਾ ਸਵਰਾਜ, ਸਾਬਕਾ ਕੇਂਦਰੀ ਮੰਤਰੀ;
4. ਸਰਦਾਰ ਸੁਖਦੇਵ ਸਿੰਘ ਲਿਬੜਾ, ਸਾਬਕਾ-ਐਮ.ਪੀ;
5. ਸਰਦਾਰ ਸੁਰਿੰਦਰ ਸਿੰਘ ਧੂਰੀ, ਸਾਬਕਾ ਸੰਸਦੀ ਸਕੱਤਰ;
6. ਸਰਦਾਰ ਮੁਖਤਿਆਰ ਸਿੰਘ, ਸੁਤੰਤਰਤਾ ਸੰਗਰਾਮੀ;
7. ਸ਼੍ਰੀ ਸੀਤਾ ਸਿੰਘ, ਸੁਤੰਤਰਤਾ ਸੰਗਰਾਮੀ;
8. ਸ਼੍ਰੀ ਗੁਰਦਿਆਲ ਸਿੰਘ, ਸੁਤੰਤਰਤਾ ਸੰਗਰਾਮੀ;
9. ਸ਼੍ਰੀ ਮੁਣਸ਼ਾ ਸਿੰਘ, ਸੁਤੰਤਰਤਾ ਸੰਗਰਾਮੀ;
10. ਸ਼੍ਰੀ ਨਿਰਮਲ ਸਿੰਘ, ਸੁਤੰਤਰਤਾ ਸੰਗਰਾਮੀ;
11. ਪਦਮ ਸ਼੍ਰੀ ਸਰਬਜੀਤ ਸਿੰਘ, ਆਈ.ਏ.ਐਸ (ਰਿਟਾਇਰਡ)
12. ਡਾ. ਹਰਭਜਨ ਸਿੰਘ ਦਿਓਲ, ਮੈਂਬਰ, ਪੀ.ਪੀ.ਐਸ.ਸੀ;
13. ਸ਼੍ਰੀ ਕਮਲ ਸ਼ਰਮਾ, ਸਾਬਕਾ ਪ੍ਰਧਾਨ, ਬੀ.ਜੇ.ਪੀ;

**II. ਮਾਨਯੋਗ ਸਪੀਕਰ/ਸਕੱਤਰ ਦੁਆਰਾ ਘੋਸ਼ਣਾ**

**III. ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਨਾ**

| | | |
|---|---|---|
| i) | ਸਪੀਕਰ | ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਨਗੇ। |
| ii) | ਕਮੇਟੀ ਦਾ ਇੱਕ ਮੈਂਬਰ | ਪ੍ਰਸਤਾਵ ਕਰੇਗਾ ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ। |

**IV. ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਕੁੱਝ ਨਿਯਮਾਂ ਨੂੰ ਮੁਅੱਤਲ ਕਰਨ ਸਬੰਧੀ ਪ੍ਰਸਤਾਵ**

ਇੱਕ ਮੰਤਰੀ ਪ੍ਰਸਤਾਵ ਕਰਨਗੇ ਕਿ-

"ਇਹ ਸਦਨ ਸੰਕਲਪ ਕਰਦਾ ਹੈ ਕਿ ਪੰਜਾਬ ਵਿਧਾਨ ਸਭਾ ਦੇ ਚਾਲੂ ਸਮਾਗਮ ਜੋ ਕੁੱਝ ਜ਼ਰੂਰੀ ਅਤੇ ਮਹੱਤਵਪੂਰਨ ਸਰਕਾਰੀ ਕੰਮ-ਕਾਰ ਲਈ ਵਿਸ਼ੇਸ਼ ਸਮਾਗਮ ਹੈ, ਦੇ ਦੌਰਾਨ ਕੇਵਲ ਸਰਕਾਰੀ ਕੰਮਕਾਰ ਹੀ ਕੀਤਾ ਜਾਵੇ ਅਤੇ ਹੋਰ ਕੋਈ ਵੀ ਕੰਮਕਾਰ ਜਿਸ ਵਿਚ ਪ੍ਰਸ਼ਨ, ਧਿਆਨ ਦਿਵਾਊ ਨੋਟਿਸ ਅਤੇ ਕਿਸੇ ਪ੍ਰਾਈਵੇਟ ਮੈਂਬਰ ਦੁਆਰਾ ਪੇਸ਼ ਕੀਤੇ ਜਾਣ ਵਾਲਾ ਕੋਈ ਹੋਰ ਕੰਮ-ਕਾਰ ਵੀ ਸ਼ਾਮਲ ਹੈ, ਇਸ ਸਮਾਗਮ ਦੇ ਦੌਰਾਨ ਸਦਨ ਦੇ ਸਾਹਮਣੇ ਨਾ ਲਿਆਂਦਾ ਜਾਵੇ ਜਾਂ ਸਦਨ ਵਿਚ ਨਾ ਕੀਤਾ ਜਾਵੇ ਅਤੇ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਵਿਚ ਇਸ ਵਿਸ਼ੇ ਨਾਲ ਸਬੰਧਤ ਨਿਯਮ ਉਸ ਹੱਦ ਤੱਕ ਮੁਅੱਤਲ ਕੀਤੇ ਗਏ ਸਮਝੇ ਜਾਣ।"

ਹੋ ਠੋ
Superintendent
Punjab Vidhan Sabha
Chandigarh

ਪਰਤੋ ਜੀ....

Scanned by CamScanner

V. ਸਰਕਾਰੀ ਮਤਾ

ਮੁੱਖ ਮੰਤਰੀ ਪ੍ਰਸਤਾਵ ਕਰਨਗੇ ਕਿ:-

"ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਇਤਿਹਾਸਿਕ ਅਵਸਰ ਤੇ ਇਹ ਸਦਨ ਉਸ ਮਹਾਨ ਰੂਹਾਨੀ ਰਹਿਬਰ ਦਾ ਧਿਆਨ ਧਰ ਕੇ ਆਪਣੀ ਸ਼ਰਧਾ ਅਤੇ ਅਕੀਦਤ ਦਾ ਇਜ਼ਹਾਰ ਕਰਦਿਆ ਹੋਇਆਂ ਨਿਮਰਤਾ ਸਹਿਤ ਉਨ੍ਹਾਂ ਦੇ ਸਤਿਕਾਰ ਵਿਚ ਨਤਮਸਤਕ ਹੁੰਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਧਰਮਾਂ, ਜਾਤਾਂ, ਦੇਸ਼ਾਂ ਅਤੇ ਕੌਮਾਂ ਦੀਆਂ ਹੱਦਾਂ ਤੋਂ ਪਾਰ ਸਾਰੇ ਜਹਾਨ ਨੂੰ ਏਕਤਾ, ਬਰਾਬਰੀ, ਸੱਚ ਅਤੇ ਪ੍ਰੇਮ ਦਾ ਸਾਂਝਾ ਉਪਦੇਸ਼ ਦਿੱਤਾ।

ਅਮੀਰ ਅਤੇ ਗਰੀਬ, ਉਚ ਅਤੇ ਨੀਚ, ਪੁਰਖ ਅਤੇ ਨਾਰ ਨੂੰ ਬਰਾਬਰ ਦਾ ਮਾਣ ਦੇ ਕੇ ਅਤੇ ਆਪਣੇ ਆਪ ਨੂੰ ਗਰੀਬਾਂ ਮਸਕੀਨਾਂ ਦਾ ਸੰਗੀ ਆਖ ਕੇ ਸਾਰੀ ਮਾਨਵਤਾ ਨੂੰ ਸਦੀਵੀ ਓਟ ਅਤੇ ਪਿਆਰ ਦਿੱਤਾ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਪਾਵਨ ਬਾਣੀ ਆਰਤੀ ਦੇ ਰੂਪ ਵਿਚ ਬ੍ਰਹਿਮੰਡੀ ਗਾਨ ਦੀ ਰਚਨਾ ਕਰ ਕੇ ਸਾਰੀ ਕਾਇਨਾਤ, ਕੁਦਰਤ ਅਤੇ ਮਾਨਵਤਾ ਦੀ ਆਦਿ ਜੁਗਾਦਿ ਸਾਂਝ ਤੇ ਇਸ ਸਾਰੇ ਵਰਤਾਰੇ ਦੀ ਪਾਵਨਤਾ ਨੂੰ ਪਰਗਟ ਕੀਤਾ।

ਉਨ੍ਹਾਂ ਨੇ ਪਵਣ ਨੂੰ ਗੁਰੂ, ਪਾਣੀ ਨੂੰ ਪਿਤਾ ਤੇ ਧਰਤੀ ਨੂੰ ਮਾਤਾ ਕਹਿ ਕੇ ਕੁਦਰਤ ਨਾਲ ਮਾਨਵ ਦੇ ਗਹਿਰੇ ਅਤੇ ਸਦੀਵੀ ਰਿਸ਼ਤੇ ਨੂੰ ਉਜਾਗਰ ਕੀਤਾ।

ਉਨ੍ਹਾਂ ਨੇ ਆਪਣੀ ਇਲਾਹੀ ਬਾਣੀ ਤੇ ਸੰਗੀਤ ਦੀ ਦਾਤ ਸੰਸਾਰ ਨੂੰ ਬਖਸ਼ ਦਿੱਤੀ ਜਿਹੜੀ ਜੁਗੋ ਜੁਗ ਰੂਹਾਨੀ ਰੌਸ਼ਨੀ, ਸਹਾਰਾ ਅਤੇ ਪ੍ਰੇਰਣਾ ਬਣ ਕੇ ਮਾਨਵਤਾ ਦੇ ਅੰਗ ਸੰਗ ਰਹੇਗੀ।

ਇਸ ਪਾਵਨ ਅਵਸਰ ਤੇ ਇਹ ਸਦਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਨੁੱਖਤਾ, ਸਹਿਨਸ਼ੀਲਤਾ ਅਤੇ ਕਰੁਣਾ ਅਤੇ ਵਾਤਾਵਰਣ ਦੀ ਸੁਰੱਖਿਆ ਦੇ ਸੰਦੇਸ਼ ਨੂੰ ਅੱਗੇ ਵਧਾਉਣ ਦਾ ਮਤਾ ਪਾਸ ਕਰਦਾ ਹੈ। ਇਹ ਸਦਨ ਮਹਾਨ ਗੁਰੂ ਦੀ ਸਮੇਂ ਦੇ ਹੱਦ ਬੰਨੇ ਤੋਂ ਉੱਪਰ ਦੀ ਵਿਰਾਸਤ ਅਤੇ ਉਨ੍ਹਾਂ ਵੱਲੋਂ ਦਰਸਾਏ ਆਦਰਸ਼ਾਂ ਅਤੇ ਮੁੱਲਾਂ ਨੂੰ ਵੀ ਮੁੜ ਸਮਰਪਿਤ ਹੁੰਦਾ ਹੈ। "

VI. ਵਿਧਾਨਕ ਕੰਮ-ਕਾਰ

| | | |
|---|---|---|
| 1. ਜਗਤ ਗੁਰੂ ਨਾਨਕ ਦੇਵ ਪੰਜਾਬ ਰਾਜ ਓਪਨ ਯੂਨੀਵਰਸਿਟੀ ਬਿਲ, 2019 | ਇੱਕ ਮੰਤਰੀ | ਜਗਤ ਗੁਰੂ ਨਾਨਕ ਦੇਵ ਪੰਜਾਬ ਰਾਜ ਓਪਨ ਯੂਨੀਵਰਸਿਟੀ ਬਿਲ, 2019 ਪੇਸ਼ ਕਰਨਗੇ।<br>ਪ੍ਰਸਤਾਵ ਕਰਨਗੇ ਕਿ ਜਗਤ ਗੁਰੂ ਨਾਨਕ ਦੇਵ ਪੰਜਾਬ ਰਾਜ ਓਪਨ ਯੂਨੀਵਰਸਿਟੀ ਬਿਲ, 2019 ਤੇ ਤੁਰੰਤ ਵਿਚਾਰ ਕੀਤਾ ਜਾਵੇ।<br>ਇਹ ਵੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ। |

ਚੰਡੀਗੜ੍ਹ;
5 ਨਵੰਬਰ, 2019

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ ।

---

Superintendent
Punjab Vidhan Sabha
Chandigarh

Scanned by CamScanner